# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/ 2021/ 147884
ਮਿਤੀ: 05.05.2021

**ਵਿਸ਼ਾ: ਸਾਲ 2021ਵਿੱਚ ਅਧਿਆਪਕਾਂ ਦੀਆਂ ਆਮ ਬਦਲੀਆਂ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨਾਲ ਜੁੜੇ ਮਿਡਲ ਸਕੂਲਾਂ ਵਿਖੇ ਕੀਤੀਆਂ ਬਦਲੀਆਂ ਸਬੰਧੀ।**

**ਹਵਾਲਾ:** ਇਸ ਦਫਤਰ ਦੇ ਪੱਤਰ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/ 2021/ 107561 ਮਿਤੀ 27.03.2021

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਮੱਦ ਨੰ 2.0 (a) ਰਾਹੀਂ ਲਿਖਿਆ ਗਿਆ ਸੀ ਕਿ ਮਿਡਲ ਸਕੂਲਾਂ ਦੀਆਂ ਅਸਾਮੀਆਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਰਸ਼ਾਈਆਂ ਗਈਆਂ ਹਨ। ਇਸ ਲਈ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਵੱਲੋਂ ਲੋੜ ਅਨੁਸਾਰ ਅਧਿਆਪਕਾਂ ਨੂੰ ਆਪਣੇ ਅਧੀਨ ਪੈਂਦੇ ਮਿਡਲ ਸਕੂਲਾਂ ਵਿਖੇ ਤੈਨਾਤ ਕੀਤਾ ਜਾਵੇਗਾ ਅਤੇ ਇਹ ਤੈਨਾਤੀ ਪੂਰੇ ਵਿਦਿਅਕ ਵਰੇ ਲਈ ਹੋਵੇਗੀ।

2.0 ਕੁਝ ਸਕੂਲ ਮੁਖੀਆਂ ਵੱਲੋਂ ਪੁਛਿਆ ਜਾ ਰਿਹਾ ਹੈ ਕਿ:

ੳ) ਕੁਝ ਮਿਡਲ ਸਕੂਲ ਬਦਲੀਆਂ ਤੋਂ ਪਹਿਲਾਂ ਕਿਸੇ ਹਾਈ ਸਕੂਲ ਨਾਲ ਅਟੈਚ ਸਨ, ਭਾਵ ਉਨ੍ਹਾਂ ਦਾ ਕੰਪਲੈਕਸ ਸਕੂਲ ਕੋਈ ਹਾਈ ਸਕੂਲ ਸੀ ਅਤੇ ਇਨ੍ਹਾਂ ਮਿਡਲ ਸਕੂਲਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ/ ਕਰਮਚਾਰੀਆਂ ਦੀ ਤਨਖਾਹ ਵੀ ਸਬੰਧਤ ਹਾਈ ਸਕੂਲ ਵੱਲੋਂ ਡਰਾਅ ਕੀਤੀ ਜਾਂਦੀ ਸੀ। ਹੁਣ ਇਨਹਾਂ ਮਿਡਲ ਸਕੂਲਾਂ ਦਾ ਡੀ.ਡੀ.ਓ ਕੋਣ ਹੋਵੇਗਾ?

ਅ)ਸੀਨੀਅਰ ਸੈਕੰਡਰੀ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਨਾਲੋਂ ਵੱਧ ਅਧਿਆਪਕ ਬਦਲੀ ਹੋ ਕੇ ਜਾਂ ਨਵੀਂ ਭਰਤੀ ਦੋਰਾਣ ਹਾਜਰ ਹੋਏ ਹਨ ਤਾਂ ਕਿਸ ਅਧਿਆਪਕ ਨੂੰ ਸੀਨੀਅਰ ਸੈਕੰਡਰੀ/ਮਿਡਲ ਸਕੂਲ ਵਿੱਚ ਤੈਨਾਤ ਕੀਤਾ ਜਾਵੇ ਅਤੇ ਕਿਸ ਅਧਾਰ ਤੇ ਕੀਤਾ ਜਾਵੇ?

3.0 ਉਪਰੋਕਤ 2.0 (ੳ) ਸਬੰਧੀ ਲਿਖਿਆ ਜਾਂਦਾ ਹੈ ਕਿ ਬਦਲੀਆਂ ਦੇ ਮੰਤਵ ਲਈ ਜਾਂ ਨਵ ਨਿਯੁਕਤ ਅਧਿਆਪਕਾਂ ਦੀ ਤੈਨਾਤੀ ਲਈ ਮਿਡਲ ਸਕੂਲਾਂ ਦੀਆਂ ਅਸਾਮੀਆਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਿਖਾਈਆਂ ਗਈਆਂ ਸਨ। ਇਨ੍ਹਾਂ ਮਿਡਲ ਸਕੂਲਾਂ ਦੀਆਂ ਡੀ.ਡੀ.ਓ ਪਾਵਰਾਂ ਪਹਿਲਾਂ ਵਾਂਗ ਉਨ੍ਹਾਂ ਦੇ ਕੰਪਲੈਕਸ ਸਕੂਲ ਕੋਲ ਹੀ ਰਹਿਣਗੀਆਂ, ਕੰਪਲੈਕਸ ਸਕੂਲਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

4.0 ਉਪਰੋਕਤ 2.0 (ਅ) ਸਬੰਧੀ ਲਿਖਿਆ ਜਾਂਦਾ ਹੈ ਕਿ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਨਾਲੋਂ ਵੱਧ ਅਧਿਆਪਕ ਬਦਲੀ ਹੋ ਕੇ ਜਾਂ ਨਵੀਂ ਭਰਤੀ ਕਾਰਨ ਹਾਜਰ ਹੋਏ

ਹਨ ਤਾਂ ਸੀਨੀਅਰ ਸੈਕੰਡਰੀ/ਮਿਡਲ ਸਕੂਲ ਵਿੱਚ ਅਧਿਆਪਕਾਂ ਦੀ ਤੈਨਾਤੀ ਲਈ ਹੇਠ ਲਿਖੇ ਅਨੁਸਾਰ ਕੀਤੀ ਜਾਵੇਗੀ:

ੳ) ਆਪਸੀ ਰਜਾਮੰਦੀ ਨਾਲ ਸਕੂਲ ਵਿੱਚ ਤੈਨਾਤੀ ਨੂੰ ਪਹਿਲ ਦਿੱਤੀ ਜਾਵੇ।

ਅ) ਆਪਸੀ ਰਜਾਮੰਦੀ ਨਾ ਹੋਣ ਦੀ ਸੂਰਤ ਵਿੱਚ Teachers Transfer Policy 2019 ਦੀ ਮੱਦ ਨੰ 9.0 ਅਨੁਸਾਰ Exempted Category ਦੇ ਅਧਿਆਪਕ ਜੇਕਰ ਕੋਈ ਹੋਵੇ ਤਾਂ ਪਹਿਲ ਉਸ ਨੂੰ ਦਿੱਤੀ ਜਾਵੇ।

ੲ) ਜੇਕਰ Exempted Category ਦਾ ਕੋਈ ਅਧਿਆਪਕ ਨਹੀਂ ਹੈ ਤਾਂ ਤੈਨਾਤੀ ਬਦਲੀਆਂ ਦੀ ਨੀਤੀ ਅਨੁਸਾਰ ਅਧਿਆਪਕਾਂ ਦੀ ਜੋ ਮੈਰਿਟ ਤਿਆਰ ਕੀਤੀ ਗਈ ਹੈ ਉਸ ਅਨੁਸਾਰ ਜਿਆਦਾ ਮੈਰਿਟ ਵਾਲੇ ਅਧਿਆਪਕ ਨੂੰ ਪਹਿਲ ਦਿੱਤੀ ਜਾਵੇ।

ਸ) ਜੇਕਰ ਇੱਕ ਅਧਿਆਪਕ ਬਦਲੀ ਅਧੀਨ ਹਾਜਰ ਹੋਇਆ ਹੈ ਅਤੇ ਇੱਕ ਨਵੀਂ ਨਿਯੁਕਤੀ ਕਾਰਨ ਤਾਂ ਪਹਿਲ ਬਦਲੀ ਅਧੀਨ ਅਧਿਆਪਕ ਨੂੰ ਦਿੱਤੀ ਜਾਵੇ।

ਹ) ਜੇਕਰ ਦੋ ਜਾਂ ਦੋ ਤੋਂ ਵੱਧ ਅਧਿਆਪਕ ਨਵੀਂ ਨਿਯੁਕਤੀ ਕਾਰਨ ਹਾਜਰ ਹੋਏ ਤਾਂ ਉਸ ਕੇਸ ਵਿੱਚ ਪਹਿਲ ਨਿਯੁਕਤੀ ਲਈ ਤਿਆਰ ਕੀਤੀ ਮੈਰਿਟ ਵਿੱਚ ਵੱਧ ਅੰਕਾਂ ਵਾਲੇ ਅਧਿਆਪਕ ਨੂੰ ਦਿੱਤੀ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ**